ਦਫਤਰ ਜਿਲ੍ਹਾ ਸਿੱਖਿਆ ਅਫਸਰ(ਐ.ਸਿੱ.),ਅੰਮ੍ਰਿਤਸਰ

ਪੱਤਰ ਨੰ:ਸਸਅ/ਆਰ.ਟੀ.ਈ/ਡਾਟਾ/੨੦੧੮੮੨ ਮਿਤੀ: 15-01-2020

ਵੱਲ:

ਮੈਨੇਜਰ / ਚੇਅਰਮੈਨ / ਪ੍ਰਧਾਨ

ਸ੍ਰੀ ਗੁਰੂ ਹਰਕ੍ਰਿਸ਼ਨ ਸੀ.ਸੈ.ਪਬਲਿਕ ਸਕੂਲ,

ਨੇੜੇ ਨਹਿਰ ਵਾਲਾ ਪੁੱਲ, ਸੁਲਤਾਨਵਿੰਡ ਲਿੰਕ ਰੋਡ

ਅੰਮ੍ਰਿਤਸਰ।

ਵਿਸ਼ਾ:- **ਬੱਚਿਆਂ ਦੇ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਨਿਯਮਾਂ, 2011 ਦੇ ਨਿਯਮ 11 ਦੇ ਉੱਪ ਨਿਯਮ (4) ਅਧੀਨ ਅਤੇ ਬੱਚਿਆਂ ਦੇ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਐਕਟ 2009 ਦੀ ਧਾਰਾ 18 ਦੇ ਮੰਤਵ ਲਈ ਸਕੂਲ ਦੇ ਮਾਨਤਾ ਪ੍ਰਾਪਤ ਪ੍ਰਮਾਣ ਪੱਤਰ।**

ਸ੍ਰੀਮਾਨ/ ਸ੍ਰੀਮਤੀ ਜੀ,

ਆਪ ਜੀ ਦੀ ਪ੍ਰਤੀ ਬੇਨਤੀ ਨਾਲ ਦਾਖਲ ਸਵੈ-ਘੋਸਣਾ ਅਤੇ ਨਿਰੀਖਕ ਕਮੇਟੀ ਵਲੋਂ ਦਿੱਤੀ ਗਈ ਸਕੂਲ ਦੀ ਨਿਰੀਖਣ ਰਿਪੋਰਟ ਨੂੰ ਮੁੱਖ ਰੱਖਦੇ ਸ੍ਰੀ ਗੁਰੂ ਹਰਕ੍ਰਿਸ਼ਨ ਸੀ.ਸੈ.ਪਬਲਿਕ ਸਕੂਲ, ਅੰਮ੍ਰਿਤਸਰ ਨੂੰ ਜਮਾਤ ਪ੍ਰੀ-ਪ੍ਰਾਇਮਰੀ ਤੋਂ ਜਮਾਤ ਅੱਠਵੀਂ ਲਈ ਮਾਰਚ 2022 ਤੱਕ ਆਰਜੀ ਮਾਨਤਾ ਦਿੱਤੀ ਜਾਂਦੀ ਹੈ।

ਉਪਰੋਕਤ ਮਾਨਤਾ ਹੇਠ ਲਿਖੀਆਂ ਸ਼ਰਤਾਂ ਦੇ ਅਧਾਰ ਤੇ ਹੈ:-

1. ਮਾਨਤਾ ਪ੍ਰਾਪਤ ਦੀ ਪ੍ਰਵਾਨਗੀ ਵਾਧੇ ਯੋਗ ਨਹੀਂ ਹੈ ਅਤੇ ਕਿਸੇ ਵੀ ਹਾਲਤ ਵਿੱਚ ਇਸ ਦਾ ਮਤਲਬ ਇਹ ਨਹੀਂ ਲਿਆ ਜਾਣਾ ਚਾਹੀਦਾ ਹੈ ਕਿ ਇਹ ਅੱਠਵੀਂ ਜਮਾਤ ਤੋਂ ਉਪਰਲੀਆਂ ਜਮਾਤਾਂ ਦੀ ਮਾਨਤਾ / ਸਬੰਧਕਰਨ ਲਈ ਲਾਜ਼ਮੀ ਹੈ।

2. ਸਕੂਲ ਬੱਚਿਆਂ ਦਾ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਐਕਟ, 2009 (ਸਾਰਣੀ -1) ਅਤੇ ਬੱਚਿਆਂ ਦੇ ਮੁਫਤ ਅਤੇ ਲਾਜ਼ਮੀ ਸਿੱਖਿਆ ਦੇ ਅਧਿਕਾਰ ਨਿਯਮਾਂ, 2011 (ਸਾਰਣੀ -2) ਦੇ ਉਪਬੰਧਾਂ ਦੀ ਪਾਲਣਾ ਕਰੇਗਾ।

3. ਸਕੂਲ ਦੀ ਪਹਿਲੀ ਜਮਾਤ ਵਿੱਚ (ਜਾਂ ਪੂਰਵ ਸਕੂਲ ਜਮਾਤ ਵਿੱਚ ਜੋ ਵੀ ਲਾਗੂ ਹੋਵੇ) ਜਮਾਤ ਦੀ ਕੁੱਲ ਸੰਖਿਆ ਦਾ 25% ਕਮਜ਼ੋਰ ਤਬਕੇ ਅਤੇ ਗੈਰ ਸੁਵਿਧਾ ਪ੍ਰਾਪਤ ਸਮੂਹ ਦੇ ਆਸ-ਪਾਸ ਦੇ ਬੱਚਿਆਂ ਦਾ ਦਾਖਲਾ ਕਰੇਗਾ ਅਤੇ ਮੁਫਤ ਅਤੇ ਲਾਜ਼ਮੀ ਮੁਢਲੀ ਸਿੱਖਿਆ, ਇਸ ਦੇ ਪੂਰੇ ਹੋਣ ਤੱਕ ਪੜਤਾਲ ਕਰੇਗਾ।

4. ਸਕੂਲ ਦੇ ਪੈਰਾ 3 ਵਿੱਚ ਦਿੱਤੇ ਬੱਚਿਆਂ ਲਈ ਐਕਟ ਦੀ ਧਾਰਾ 12 ਦੀ ਉੱਪ ਧਾਰਾ(2) ਦੇ ਉਪਬੰਧਾਂ ਅਨੁਸਾਰ ਖਰਚੇ ਦੀ ਪ੍ਰਤੀਪੂਰਤੀ ਕੀਤੀ ਜਾਵੇਗੀ। ਇਹ ਪ੍ਰਤੀ ਪੂਰਤੀ ਲੈਣ ਲਈ ਸਕੂਲ ਨੂੰ ਵੱਖਰਾ ਬੈਂਕ ਖਾਤਾ ਰੱਖਣਾ ਪਵੇਗਾ।

5. ਸੰਸਥਾ/ ਸਕੂਲ ਕੋਈ ਕੈਪੀਟੇਸ਼ਨ ਫੀਸ ਨਹੀ ਲਵੇਗਾ ਅਤੇ ਬੱਚੇ ਦਾ ਉਸ ਦੇ ਮਾਪਿਆਂ ਜਾਂ ਸਰਪਲਸ ਦੀ ਚੋਣ ਦੀ ਕੋਈ ਵਿਧੀ ਨਹੀਂ ਅਪਣਾਏਗਾ।

6. ਸਕੂਲ ਕਿਸੇ ਬੱਚੇ ਨੂੰ ਜਨਮ ਦਾ ਸਬੂਤ ਨਾ ਹੋਣ ਕਾਰਨ ਦਾਖਲੇ ਤੋਂ ਇਨਕਾਰ ਨਹੀਂ ਕਰੇਗਾ ਅਤੇ ਐਕਟ ਦੀ ਧਾਰਾ 15 ਦੇ ਉਪਬੰਧਾਂ ਦੀ ਪਾਲਣਾ ਕਰੇਗਾ। ਸਕੂਲ ਇਹ ਯਕੀਨੀ ਬਣਾਏਗਾ ਕਿ :-

   1.) ਕਿਸੇ ਵੀ ਦਾਖਲ ਕੀਤੇ ਬੱਚੇ ਨੂੰ ਸਕੂਲ ਵਿਚੋਂ ਕੱਢਿਆ ਨਹੀਂ ਜਾਵੇਗਾ ਜਦੋਂ ਤੱਕ ਕਿ ਉਸ ਦੀ ਮੁਢਲੀ ਸਿੱਖਿਆ ਪੂਰੀ ਨਹੀਂ ਹੋ ਜਾਂਦੀ।

   2.) ਕਿਸੇ ਵੀ ਬੱਚੇ ਨੂੰ ਸਰੀਰਕ ਦੰਡ ਜਾਂ ਮਾਨਸਿਕ ਪ੍ਰੇਸ਼ਾਨੀ ਨਹੀਂ ਦਿੱਤੀ ਜਾਵੇਗੀ।

   3.) ਹਰ ਇੱਕ ਬੱਚੇ ਨੂੰ ਜਿਸ ਨੇ ਮੁੱਢਲੀ ਸਿੱਖਿਆ ਪ੍ਰਾਪਤ ਕਰ ਲਈ ਹੈ , ਨੂੰ ਨਿਯਮ 25 ਅਨੁਸਾਰ ਪ੍ਰਮਾਣ ਪੱਤਰ ਦਿੱਤਾ ਜਾਵੇਗਾ।

   4.) ਐਕਟ ਦੇ ਉਪਬੰਧਾਂ ਅਨੁਸਾਰ ਵਿਸ਼ੇਸ਼ ਜਰੂਰਤਾਂ/ ਅਪੰਗ ਵਿਦਿਆਰਥੀਆਂ ਦੀ ਸ਼ਮੂਲੀਅਤ ।

   5.) ਅਧਿਆਪਕਾਂ ਲਈ ਇਹ ਜਰੂਰੀ ਹੈ ਕਿ ਉਹ ਧਾਰਾ 23 (1) ਅਧੀਨ ਦਿੱਤੀਆਂ ਘੱਟੋ-ਘੱਟ ਵਿਦਿਅਕ ਯੋਗਤਾਵਾਂ ਪੂਰੀਆਂ ਕਰਦੇ ਹੋਣ ।

   6.) ਅਧਿਆਪਕ ਐਕਟ ਦੀ ਧਾਰਾ 24(1) ਅਧੀਨ ਦਰਸਾਈਆਂ ਜਿੰਮੇਵਾਰੀਆਂ ਪੂਰੀਆਂ ਕਰਨਗੇ ।

   7) ਅਧਿਆਪਕ ਆਪਣੇ ਆਪ ਨੂੰ ਪ੍ਰਾਈਵੇਟ ਟਿਊਸ਼ਨਾਂ ਵਿੱਚ ਮਸ਼ਰੂਫ ਨਹੀਂ ਰੱਖਣਗੇ ।

7. ਸਕੂਲ ਪੜ੍ਹਾਈ ਦੇ ਵਿਸ਼ਿਆਂ ਦੇ ਅਧਾਰ ਤੇ ਉਚਿਤ ਅਥਾਰਟੀ ਦੁਆਰਾ ਨਿਰਧਾਰਤ ਕੀਤੇ ਸਿਲੇਬਸ ਦੀ ਪੈਰਵੀ ਕਰਨਗੇ।

Principal,
Sri Guru Harkrishan Sr./Src. Public School (CKD)
Sultanwind Link Road, Near Canal Bridge,
G. T. Road, Amritsar

Member Incharge
Sri Guru Harkrishan Sr. Sec. Public School
CKDCS, Sultanwind Link Road,
Near Canal Bridge, G.T. Road,Amritsarl

Member Incharge
Sri Guru Harkrishan Sr. Sec. Public School
CKDCS, Sultanwind Link Road,
Near Canal Bridge, G.T. Road,Amritsarl

Scanned with OKEN Scanner

ਸਕੂਲ ਐਕਟ ਦੀ ਧਾਰਾ 19 ਵਿੱਚ ਨਿਰਧਾਰਤ ਸ਼ਰਤਾਂ ਅਤੇ ਮਿਆਰਾਂ ਦੀ ਪਾਲਣਾ ਕਰੇਗਾ। ਪੜਤਾਲ ਸਮੇਂ ਰਿਪੋਰਟ ਕੀਤੀਆਂ ਸਕੂਲ ਦੀਆਂ ਕਮੀਆਂ ਹੇਠ ਦਿੱਤੇ ਅਨੁਸਾਰ ਹਨ:-

ੳ.) ਸਕੂਲ ਦੀ ਚਾਰਦੀਵਾਰੀ ਅੰਦਰ ਕੁੱਲ ਰਕਬਾ 16940 syd ਹੈ ਅਤੇ ਇਮਾਰਤ ਅਧੀਨ 2242.48 syd ਖੇਤਰ ਹੈ ਅਤੇ ਸਕੂਲ ਵਿਚ 46 ਟ੍ਰੇਂਡ ਅਧਿਆਪਕ, 05 ਅਣਟ੍ਰੇਂਡ ਅਧਿਆਪਕ ਅਤੇ 01 ਟ੍ਰੇਂਡ ਸਕੂਲ ਮੁੱਖੀ ਹੈ । ਅ.) ਸੋਸਾਇਟੀ ਬਣੀ ਹੋਈ ਹੈ। ਇਸ ਦਾ ਰਜਿਸਟ੍ਰੇਸ਼ਨ ਨੰਬਰ 2565 ਮਿਤੀ 09-7-1904 ਹੈ। ੲ.) ਸਕੂਲ ਵਿਚ ਟੀ.ਐਲ.ਐਮ, ਪੰਜਾਬੀ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਬਲੈਕ ਬੋਰਡ ਬਣੇ ਹੋਏ ਹਨ। ਸ.) ਸਕੂਲ ਵਿੱਚ ਚਾਰ ਦੀਵਾਰੀ, ਫਰਨੀਚਰ, ਬਿਜਲੀ, ਪਾਣੀ ਅਤੇ ਇਮਾਰਤ ਹਵਾਦਾਰ ਦਾ ਪ੍ਰਬੰਧ ਹੈ। ਹ.) ਸਕੂਲ ਵਿੱਚ ਸਕੂਲਮੁਖੀ ਲਈ ਕਮਰੇ ਦਾ ਪ੍ਰਬੰਧ ਹੈ।ਕ.) ਸਕੂਲ ਵਿੱਚ ਜਮਾਤਾਂ ਦੇ ਕਮਰਿਆਂ ਦੀ ਗਿਣਤੀ 44 ਪਾਈ ਗਈ, ਸਕੂਲ ਵਿੱਚ 34 ਪਖਾਨੇ 15 ਲੜਕੀਆਂ ਅਤੇ 19 ਲੜਕਿਆ ਲਈ ਬਣੇ ਹੋਏ ਹਨ। ਖ.) ਸਕੂਲ ਵਿੱਚ ਲਾਇਬ੍ਰੇਰੀ ਅਤੇ ਕਿਤਾਬਾ ਦਾ ਪ੍ਰਬੰਧ ਹੈ। ਗ.) ਕੰਮਕਾਜ ਦੇ ਕੁਲ ਦਿਨ 200 ਨਿਰਧਾਰਿਤ ਕੀਤੇ ਗਏ ਹਨ, ਪੌਦੇ / ਦਰਖਤ ਲੱਗੇ ਹੋਏ ਹਨ, ਸਕੂਲ ਵੱਲੋਂ ਸਕੂਲ ਦੀ ਨਾਲ ਲੱਗਦੀ ਜਗ੍ਹਾ ਵਿਚ ਖੇਡ ਦੇ ਮੈਦਾਨ ਦਾ ਪ੍ਰਬੰਧ ਕੀਤਾ ਗਿਆ ਹੈ ਅਤੇ ਸਾਮਾਨ ਦਾ ਪ੍ਰਬੰਧ ਹੈ, ਅਧਿਆਪਕਾਂ ਸੰਬੰਧੀ ਰਿਕਾਰਡ ਪੂਰਾ ਹੈ। ਘ.) ਬਿਲਡਿੰਗ ਸੇਫਟੀ ਅਤੇ ਫਾਇਰ ਸੇਫਟੀ ਸਰਟੀਫਿਕੇਟ ਮੌਜੂਦ ਹੈ।ਫਾਇਰ ਸੇਫਟੀ ਸਾਮਾਨ ਨਾਲ ਲੈਸ ਹੈ, ਸਕੂਲ ਜਿਸ ਜਗ੍ਹਾ ਉਪਰ ਚੱਲ ਰਿਹਾ ਉਹ ਕਿਰਾਏ ਤੇ ਹੈ, ਸਕੂਲ ਵਿੱਚ ਬਿਨਾਂ ਰੁਕਾਵਟ ਪਹੁੰਚ ਹੈ।

9. ਸਕੂਲ ਦੇ ਇਸੇ ਨਾਮ ਤੇ ਸਕੂਲ ਦੀ ਇਮਾਰਤ ਅੰਦਰ ਜਾਂ ਇਸ ਦੇ ਬਾਹਰ ਕੋਈ ਵੀ ਗੈਰ ਮਾਨਤਾ ਪ੍ਰਾਪਤ ਜਮਾਤ ਨਹੀਂ ਚਲਾਈ ਜਾਵੇਗੀ।

10. ਸਕੂਲ ਦੀ ਇਮਾਰਤ ਜਾਂ ਹੋਰ ਢਾਂਚਾ ਜਾਂ ਮੈਦਾਨ ਕੇਵਲ ਪੜ੍ਹਾਈ ਜਾਂ ਯੋਗਤਾ ਵਿਕਾਸ ਲਈ ਹੀ ਵਰਤੇ ਜਾਣਗੇ।

11. ਸਕੂਲ ਸੁਸਾਇਟੀ ਰਜਿਸ਼ਟਰੇਸ਼ਨ ਐਕਟ 1860 (1860 ਦਾ 21) ਅਧੀਨ ਰਜਿਸਟਰਡ ਕੀਤੀ ਸੁਸਾਇਟੀ ਦੁਆਰਾ ਜਾਂ ਸਮੇਂ ਸਮੇਂ ਤੇ ਲਾਗੂ ਕਿਸੇ ਕਾਨੂੰਨ ਅਧੀਨ ਸਿਰਜੇ ਗਏ ਟਰੱਸਟ ਦੁਆਰਾ ਚਲਾਇਆ ਜਾ ਰਿਹਾ ਹੈ।

12. ਸਕੂਲ ਸਮੇਂ ਸਮੇਂ ਤੇ ਲੋੜੀਦੇ ਦਸਤਾਵੇਜਾਂ ਜਿਵੇਂ ਕਿ ਬਿਲਡਿੰਗ ਸੇਫਟੀ ਸਰਟੀਫਿਕੇਟ, ਫਾਇਰ ਸੇਫਟੀ ਸਰਟੀਫਿਕੇਟ ਆਦਿ ਦੀ ਮਿਆਦ ਖਤਮ ਹੋਣ ਉਪਰੰਤ ਨਵੀਨੀਕਰਨ ਕਰਵਾਏਗਾ ਅਤੇ ਇਸ ਦੀ ਕਾਪੀ ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ), ਅੰਮ੍ਰਿਤਸਰ ਵਿਖੇ ਜਮਾਂ ਕਰਵਾਏਗਾ ।ਜੇਕਰ ਸਕੂਲ ਇਸ ਕੰਮ ਪ੍ਰਤੀ ਅਣਗਹਿਲੀ ਕਰਦਾ ਪਾਇਆ ਜਾਂਦਾ ਹੈ ਤਾਂ ਸਕੂਲ ਦੀ ਮਾਨਤਾ ਬਿਨਾ ਨੋਟਿਸ ਦਿੱਤਿਆ ਰੱਦ ਕਰ ਦਿੱਤੀ ਜਾਵੇਗੀ ।

13. ਸਕੂਲ ਕਿਸੇ ਨਿੱਜੀ , **ਸਮੂਹ ਜਾਂ** ਵਿਅਕਤੀਆਂ ਦੇ ਸਮੂਹਾਂ ਜਾਂ ਕਿਸੇ ਹੋਰ ਵਿਅਕਤੀ ਦੇ ਲਾਭ ਲਈ ਨਹੀਂ ਚਲਾਇਆ ਜਾਵੇਗਾ।

14. ਲੇਖੇ ਕਿਸੇ ਪ੍ਰਮਾਣਿਤ **ਚਾਰਟਿਡ ਲੇਖਾਕਾਰ** ਦੁਆਰਾ ਆਡਿਟ ਕੀਤਾ ਜਾਣਾ ਚਾਹੀਦਾ ਹੈ ਅਤੇ ਨਿਯਮਾਂ ਅਨੁਸਾਰ ਲੇਖਿਆਂ ਦੀ ਸਟੇਟਮੈਂਟ ਤਿਆਰ ਕੀਤੀ ਜਾਵੇਗੀ। ਹਰ **ਲੇਖਾਸਾਰਨੀ** ਦੀ ਇੱਕ ਕਾਪੀ ਹਰ ਸਾਲ ਜਿਲ੍ਹਾ ਸਿੱਖਿਆ ਅਫਸਰ ਨੂੰ ਭੇਜੀ ਜਾਵੇਗੀ।

15. ਆਪ ਦੇ ਸਕੂਲ ਦਾ ਮਾਨਤਾ ਪ੍ਰਾਪਤ **ਕੋਡ ਨੰਬਰ ਆਰ.ਟੀ.ਈ ਅੰਮ੍ਰਿਤਸਰ-0198[illegible]625** ਹੈ। ਇਸ ਨੂੰ ਨੋਟ ਕਰ ਲਿਆ ਜਾਵੇ ਅਤੇ ਇਸ ਦਫਤਰ ਨਾਲ ਪੱਤਰ ਵਿਹਾਰ ਕਰਦੇ ਸਮੇਂ **ਇਹ** ਦਰਜ ਕੀਤਾ ਜਾਵੇ।

16. ਸਕੂਲ ਡਾਇਰੈਕਟਰ ਜਾਂ ਜਿਲ੍ਹਾ ਸਿੱਖਿਆ **ਅਧਿਕਾਰੀ** ਦੁਆਰਾ ਸਮੇਂ ਸਮੇਂ ਤੇ ਮੰਗੀ ਗਈ ਸੂਚਨਾਂ ਪੇਸ਼ ਕਰੇਗਾ ਅਤੇ ਪੰਜਾਬ ਸਰਕਾਰ/ਸਥਾਨਕ ਅਥਾਰਟੀ ਦੀਆਂ ਹਦਾਇਤਾਂ ਜੋ ਮਾਨਤਾ ਪ੍ਰਾਪਤੀ **ਦੀਆਂ** ਸ਼ਰਤਾਂ ਪੂਰੀਆਂ ਕਰਨ ਜਾਂ ਸਕੂਲ ਦੇ ਕੰਮਕਾਜ ਵਿੱਚ ਕਮੀਆਂ ਨੂੰ ਦੂਰ ਕਰਨ ਲਈ ਜਾਰੀ ਕੀਤੀਆਂ ਜਾਣਗੀਆਂ ਦੀ ਪਾਲਣਾ ਕਰੇਗਾ।

17. ਸੰਸਥਾਂ ਦੀ ਰਜਿਸਟਰੇਸ਼ਨ ਦਾ ਨਵੀਨੀਕਰਨ ਜੇਕਰ ਕੋਈ **ਜਰੂਰੀ** ਹੋਵੇ ਕਰਵਾਉਣਾ ਯਕੀਨੀ ਬਣਾਇਆ ਜਾਵੇ।

18. ਸਕੂਲ, The Punjab Regulation of Fee of Unaided Educational Institutions Act, 2016 (Punjab Act No. 47 of 2016). ਵਿੱਚ ਦਰਜ ਸ਼ਰਤਾਂ ਅਤੇ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨ ਦਾ ਪਾਬੰਦ ਰਹੇਗਾ।

ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ)
ਅੰਮ੍ਰਿਤਸਰ।

23/4/25

Principal,
Sri Guru Harkrishan Sr./Src. Public School (CKD)
Sultanwind Link Road, Near Canal Bridge,
G. T. Road, Amritsar

Member Incharge
Sri Guru Harkrishan Sr. Sec. Public School
CKDCS, Sultanwind Link Road,
Near Canal Bridge, G.T. Road,Amritsar

Member Incharge
Sri Guru Harkrishan Sr. Sec. Public Schoo
CKDCS, Sultanwind Link Road,
Near Canal Bridge, G.T. Road,Amritsar

Scanned with OKEN Scanner

Scanned with OKEN Scanner